87761 INFO ABOUT TRIALS.QXD 12/5/10 09:40 Page 1

ਸੁਣਵਾਈ ਸਮੇਂ ਜੱਜ ਸਾਰੇ ਗਵਾਹਾਂ ਨੂੰ ਸੁਣੇਗਾ ਅਤੇ ਫ਼ੈਸਲਾ ਕਰੇਗਾ ਕਿ ਕੀ ਵਿਅਕਤੀ ਦੋਸ਼ੀ ਹੈ, ਦੋਸ਼ੀ ਨਹੀਂ ਹੈ ਜਾਂ ਦੋਸ਼ ਸਾਬਤ ਨਹੀਂ ਹੁੰਦਾ। ਜੇ ਦੋਸ਼ੀ ਨਹੀਂ ਜਾਂ ਦੋਸ਼ ਸਾਬਤ ਨਹੀਂ ਹੁੰਦਾ ਤਾਂ ਦੋਸ਼ੀ ਵਿਅਕਤੀ ਅਦਾਲਤ ਤੋਂ ਹੀ ਰਿਹਾ ਕੀਤਾ ਜਾ ਸਕਦਾ ਹੈ ਅਤੇ ਇਹ ਕੇਸ ਦਾ ਅੰਤ ਹੈ। ਜੇ ਦੋਸ਼ੀ ਦਾ ਦੋਸ਼ ਸਾਬਿਤ ਹੋ ਜਾਂਦਾ ਹੈ, ਤਾਂ ਕੀ ਹੋਏਗਾ, ਇਸ ਲਈ ਪੜਾਅ 4 ਵੇਖੋ

### ਹੋਰ ਸਹਿਯੋਗ

ਜੇ ਤੁਹਾਡੀ ਮਾਂ-ਬੋਲੀ ਜਾਂ ਤਰਜੀਹ ਵਾਲੀ ਭਾਸ਼ਾ ਅੰਗ੍ਰੇਜ਼ੀ ਨਹੀਂ ਹੈ, ਤਾਂ ਤੁਹਾਨੂੰ ਅਦਾਲਤ ਵਿਚ ਕਹੀਆਂ ਜਾਣ ਵਾਲੀਆਂ ਗੱਲਾਂ ਸਮਝਾਉਣ ਜਾਂ ਤੁਹਾਡੇ ਵਲੋਂ ਦਿੱਤੀ ਜਾਣ ਵਾਲੀ ਗਵਾਹੀ ਲਈ ਦੁਭਾਸ਼ੀਏ ਦੀ ਲੋੜ ਪੈ ਸਕਦੀ ਹੈ। ਰੋਜ਼ਮੱਰਾ ਜੀਵਨ ਸਬੰਧੀ ਤੁਹਾਡੀ ਠੀਕ-ਠਾਕ ਅੰਗ੍ਰੇਜ਼ੀ ਦੀ ਜਾਣਕਾਰੀ ਦੇ ਬਾਵਜੂਦ, ਇਸਦੀ ਜ਼ਰੂਰਤ ਪੈ ਸਕਦੀ ਹੈ।

ਤੁਹਾਨੂੰ ਕਿਸੇ ਕਿਸਮ ਦੇ ਦਸਤਾਵੇਜ਼ ਦੀ ਵੀ ਲੋੜ ਪੈ ਸਕਦੀ ਹੈ, ਜਿਵੇਂ ਕਿ ਸਰਕਾਰੀ ਵਕੀਲ ਤੋਂ ਪ੍ਰਾਪਤ ਹੋਣ ਵਾਲਾ ਤੁਹਾਡੀ ਮਨਪਸੰਦ ਭਾਸ਼ਾ ਵਿਚ ਲਿਖਿਆ ਪੱਤਰ।

ਜੋ ਵੀ ਵਿਅਕਤੀ, ਅਦਾਲਤ ਵਿਚ ਗਵਾਹੀ ਦਿੰਦਾ ਹੈ ਉਸਨੂੰ ਪਹਿਲਾਂ ਸੱਚ ਦੱਸਣ ਦਾ ਵਚਨ ਦੇਣਾ ਲਾਜ਼ਮੀ ਹੁੰਦਾ ਹੈ। ਤੁਸੀਂ ਇਹ ਵਚਨ ਆਪਣੇ ਧਰਮ, ਭਾਸ਼ਾ ਜਾਂ ਸਭਿਆਚਾਰ ਅਨੁਸਾਰ ਦੇ ਸਕਦੇ ਹੋ।

VIA ਹੋਰ ਸਹਿਯੋਗ ਦਾ ਪ੍ਰਬੰਧ ਕਰਨ ਲਈ ਮਦਦ ਕਰ ਸਕਦਾ ਹੈ, ਜਿਸ ਵਿਚ ਅਦਾਲਤ ਜਾਣ ਸਬੰਧੀ ਸਹਿਯੋਗ ਵੀ ਸ਼ਾਮਿਲ ਹੈ, ਜਾਂ ਗਵਾਹੀ ਦੇਣ ਸਮੇਂ ਮਦਦ ਲਈ ਤੁਹਾਡੇ ਵਲੋਂ ਅਰਜ਼ੀ ਦੇ ਸਕਦਾ ਹੈ।

ਜੇ ਤੁਹਾਡੀਆਂ ਕੋਈ ਚਿੰਤਾਵਾਂ ਜਾਂ ਵਿਸ਼ੇਸ਼ ਲੋੜਾਂ ਹਨ, ਤਾਂ ਕਿਰਪਾ ਕਰਕੇ VIA ਨੂੰ ਦੱਸੋ। ਅਸੀਂ ਇਸ ਗੱਲ ਨੂੰ ਯਕੀਨੀ ਬਣਾਵਾਂਗੇ ਕਿ ਸਰਕਾਰੀ ਵਕੀਲ ਨੂੰ ਇਹਨਾਂ ਬਾਰੇ ਪਤਾ ਹੋਵੇ।

## ਪੜਾਅ 4

### ਸਜ਼ਾ

ਕਈ ਵਾਰੀ ਦੋਸ਼ੀ ਵਲੋਂ ਜੁਰਮ ਕਬੂਲੇ ਜਾਣ 'ਤੇ ਜਾਂ ਦੋਸ਼ੀ ਸਾਬਿਤ ਹੋਣ 'ਤੇ ਜੱਜ ਕਸੂਰਵਾਰ ਨੂੰ ਫ਼ੌਰਨ ਸਜ਼ਾ ਸੁਣਾ ਦਿੰਦਾ ਹੈ।

ਕਈ ਵਾਰੀ ਜੱਜ ਸਜ਼ਾ ਸੁਣਾਉਣ ਤੋਂ ਪਹਿਲਾਂ ਹੋਰ ਜਾਣਕਾਰੀ ਨੂੰ ਵਿਚਾਰਣ ਲਈ ਕੇਸ ਨੂੰ ਮੁਲਤਵੀ ਕਰ ਦਿੰਦਾ ਹੈ।

ਜੇ ਜੱਜ ਦੋਸ਼ੀ ਨੂੰ ਜੇਲ੍ਹ ਭੇਜਣ ਬਾਰੇ ਵਿਚਾਰ ਕਰ ਰਿਹਾ ਹੈ, ਜੇ ਦੋਸ਼ੀ ਦੀ ਉਮਰ 21 ਸਾਲ ਤੋਂ ਘੱਟ ਹੈ ਜਾਂ ਉਹ ਪਹਿਲਾਂ ਕਦੀ ਜੇਲ੍ਹ ਨਹੀਂ ਗਿਆ, ਤਾਂ ਉਸਦੇ ਪਿਛੋਕੜ ਸਬੰਧੀ ਰਿਪੋਰਟ ਪ੍ਰਾਪਤ ਕਰਨਾ ਲਾਜ਼ਮੀ ਹੈ।

ਜੇ ਜੱਜ ਦੋਸ਼ੀ ਦੇ ਪਿਛੋਕੜ ਸਬੰਧੀ ਰਿਪੋਰਟ ਜਾਂ ਕਿਸੇ ਹੋਰ ਜਾਣਕਾਰੀ ਦੀ ਮੰਗ ਕਰਦਾ/ਕਰਦੀ ਹੈ, ਤਾਂ ਇਸਦਾ ਇਹ ਮਤਲਬ ਹੋਣਾ ਜ਼ਰੂਰੀ ਨਹੀਂ ਕਿ ਉਹ ਦੋਸ਼ੀ ਨੂੰ ਜੇਲ੍ਹ ਭੇਜਣ ਬਾਰੇ ਵਿਚਾਰ ਕਰ ਰਹੇ ਹਨ। ਕਈ ਵਾਰੀ ਜੱਜ ਸਿਰਫ ਕੇਸ ਨੂੰ ਨਜਿੱਠਣ ਲਈ ਬਿਹਤਰੀਨ ਤਰੀਕੇ ਬਾਰੇ ਵਿਚਾਰ ਕਰ ਰਿਹਾ/ਰਹੀ ਹੁੰਦਾ/ਹੁੰਦੀ ਹੈ।

ਜੱਜ ਇਹ ਵੀ ਫ਼ੈਸਲਾ ਕਰੇਗਾ ਕਿ ਕੀ ਸਜ਼ਾ ਸੁਣਾਏ ਜਾਣ ਤੱਕ ਦੋਸ਼ੀ ਨੂੰ ਕੈਦ ਵਿਚ ਰਖਿਆ ਜਾਏ ਜਾ ਨਹੀਂ। ਜੇ ਤੁਸੀਂ ਅਦਾਲਤ 'ਚ ਮੌਜੂਦ ਨਹੀਂ, ਤਾਂ VIA ਤੁਹਾਨੂੰ ਇਸ ਬਾਰੇ ਜਾਣਕਾਰੀ ਦਿੰਦਾ ਰਹੇਗਾ।

## ਸਥਾਨਕ ਸਹਾਇਤਾ ਏਜੰਸੀਆਂ

ਤੁਸੀਂ ਸੰਪਰਕ ਕਰਨਾ ਚਾਹ ਸਕਦੇ ਹੋ:

**ਪੀੜਲਈਸਹਾਇਤਾਸਕਾੱਟਲੈਂਡ,**ਜੋ ਜੁਰਮ ਤੋਂ ਪੀੜਤ ਲੋਕਾਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਵਿਹਾਰਕ ਅਤੇ ਜਜ਼ਬਾਤੀ ਸਹਿਯੋਗ ਪ੍ਰਦਾਨ ਕਰਦਾ ਹੈ। ਸਥਾਨਕ ਵੇਰਵਿਆਂ ਲਈ ਸੰਪਰਕ ਕਰੋ **0845 60 39 213** (ਦਫ਼ਤਰੀ ਕੰਮਕਾਜ ਦੇ ਸਮੇਂ ਦੌਰਾਨ) ਜਾਂ www.victimsupportsco.org.uk 'ਤੇ ਜਾਓ।

**ਗਵਾਹ ਸਬੰਧੀ ਸੇਵਾ** ਜੋ ਸਾਰੇ ਪੀੜਤਾਂ ਤੇ ਗਵਾਹਾਂ ਅਤੇ ਉਹਨਾਂ ਦੇ ਪਰਿਵਾਰਾਂ ਅਤੇ ਦੋਸਤਾਂ ਨੂੰ ਅਦਾਲਤ 'ਚ ਪੇਸ਼ੀ ਸਮੇਂ ਵਿਹਾਰਕ ਅਤੇ ਜਜ਼ਬਾਤੀ ਸਹਾਇਤਾ ਪ੍ਰਦਾਨ ਕਰਦੀ ਹੈ। ਸਥਾਨਕ ਗਵਾਹ ਸੇਵਾ ਸਬੰਧੀ ਵੇਰਵਿਆਂ ਲਈ ਕਿਰਪਾ ਕਰਕੇ ਪੀੜਤ ਲਈ ਸਹਾਇਤਾ ਸਕਾੱਟਲੈਂਡ ਨੂੰ ਸੰਪਰਕ ਕਰੋ।

VIA ਤੁਹਾਡਾ ਸੰਪਰਕ, ਸਹਾਇਤਾ ਦੇਣ ਵਾਲੀਆਂ ਹੋਰਨਾਂ ਜਥੇਬੰਦੀਆਂ ਨਾਲ ਵੀ ਕਰਾ ਸਕਦਾ ਹੈ।

## ਵਧੇਰੇ ਜਾਣਕਾਰੀ

ਜੇ ਤੁਸੀਂ ਵਧੇਰੇ ਜਾਣਕਾਰੀ ਲੈਣਾ ਚਾਹੁੰਦੇ ਹੋ ਜਾਂ ਕਿਸੇ ਗੱਲ ਬਾਰੇ, ਤੁਹਾਨੂੰ ਪੱਕਾ ਯਕੀਨ ਨਹੀਂ ਹੈ, ਤਾਂ ਕਿਰਪਾ ਕਰਕੇ ਆਪਣੇ ਸਥਾਨਕ VIA ਦਫ਼ਤਰ ਨੂੰ ਲਿਫ਼ਾਫੇ 'ਚ ਬੰਦ ਪੱਤਰ 'ਤੇ ਦਿਤੇ ਗਏ ਟੈਲੀਫ਼ੋਨ 'ਤੇ ਸੰਪਰਕ ਕਰੋ।

ਜਾਂ ਫਿਰ ਕਿਰਪਾ ਕਰਕੇ VIA ਰਾਸ਼ਟਰੀ ਟੀਮ ਨਾਲ ਸੰਪਰਕ ਕਰੋ:

0131 243 3027 ਜਾਂ

0844 561 3701 ਤੇ ਫ਼ੋਨ ਰਾਹੀਂ,

0844 561 4180 ਤੇ ਫ਼ੈਕਸ ਕਰਕੇ ਜਾਂ

vianationalteam@copfs.gsi.gov.uk
ਤੇ ਈ-ਮੇਲ ਕਰਕੇ

www.crownoffice.gov.uk

ਪੀੜਤ ਲਈ ਜਾਣਕਾਰੀ ਅਤੇ ਸਲਾਹ
ਕ੍ਰਾਉਨ ਆੱਫ਼ਿਸ ਅਤੇ ਸਰਕਾਰੀ ਵਕੀਲ ਸੇਵਾ ਦਾ ਹਿੱਸਾ

© ਕ੍ਰਾਉਨ ਕਾੱਪੀਰਾਈਟ 2008 APS ਗਰੁਪ ਸਕਾੱਟਲੈਂਡ 136008 05/10

VIA ਪੀੜਤ ਲਈ ਜਾਣਕਾਰੀ ਅਤੇ ਸਲਾਹ

# ਜਾਣਕਾਰੀ

## ਮੁਕੱਦਮਿਆਂ (ਸਰਸਰੀ) ਬਾਰੇ

**ਕਿਰਪਾ ਕਰਕੇ VIA ਨਾਲ ਸੰਪਰਕ ਕਰੋ, ਜੇ ਤੁਸੀਂ ਇਸ ਦਸਤਾਵੇਜ਼ ਨੂੰ ਕਿਸੇ ਹੋਰ ਭਾਸ਼ਾ, ਵੱਡੇ ਅੱਖਰਾਂ, ਆੱਡੀਓ, ਬ੍ਰੇਲ ਜਾਂ ਕਿਸੇ ਹੋਰ ਰੂਪ ਵਿਚ ਚਾਹੁੰਦੇ ਹੋ। ਅਸੀਂ RNID typetalk prefix 18001 ਰਾਹੀਂ ਕਾੱਲਾਂ ਦਾ ਸੁਆਗਤ ਕਰਦੇ ਹਾਂ।**

87761 INFO ABOUT TRIALS.QXD 12/5/10 09:40 Page 2

## ਜਾਣਕਾਰੀ ਅਤੇ ਸਲਾਹ

**ਪੀੜਤ ਲਈ ਜਾਣਕਾਰੀ ਅਤੇ ਸਲਾਹ** (VIA) ਨੇ ਤੁਹਾਨੂੰ ਇਹ ਲੀਫ਼ਲੈਟ ਇਸ ਲਈ ਦਿੱਤਾ ਹੈ, ਕਿਉਂਕਿ ਤੁਸੀਂ ਇਕ ਜੁਰਮ ਦੇ ਪੀੜਤ ਅਤੇ/ਜਾਂ ਗਵਾਹ ਹੋ, ਜਿਸਦੀ ਕਿ ਸੁਣਵਾਈ ਚਲ ਰਹੀ ਹੋ। ਇਹ ਇਕ ਸਮਰੀ ਟ੍ਰਾਇਲ ਸਰਸ ਸੁਣਵਾਈ) ਹੈ, ਜੋ ਜ਼ਿਲ੍ਹਾ ਜਾਂ ਸ਼ੈਰਿਫ਼ ਦੀ ਅਦਾਲਤ 'ਚ ਹੋਣੀ ਹੈ।

ਸਕਾੱਟਲੈਂਡ ਦੀਆਂ ਜ਼ਿਲ੍ਹਾ ਅਦਾਲਤਾਂ ਦਾ ਨਵਾਂ ਨਾਂ ਜਸਟਿਸ ਆੱਫ਼ ਦਿ ਪੀਸ ਕੋਰਟਜ਼ ਹੈ। ਇਹ ਤਬਦੀਲੀ, ਸਕਾੱਟਲੈਂਡ ਦੇ ਵੱਖ-ਵੱਖ ਹਿੱਸਿਆਂ ਵਿਚ, ਮਾਰਚ 2008 ਅਤੇ ਅਕਤੂਬਰ, 2009 ਦਰਮਿਆਨ ਵੱਖੋ-ਵੱਖਰੇ ਸਮਿਆਂ 'ਤੇ ਹੋਏਗਾ।

ਜਸਟਿਸ ਆੱਫ਼ ਦਿ ਪੀਸ, ਕਾਰਜਕਾਰੀ ਮਜਿਸਟ੍ਰੇਟ, ਜਾਂ ਸ਼ੈਰਿਫ਼, ਇੱਕ ''ਜੱਜ'' ਵਜੋਂ ਕੰਮ ਕਰਦਿਆਂ ਫ਼ੈਸਲਾ ਅਤੇ ਕੋਈ ਸਜ਼ਾ ਸੁਣਾਏਗਾ। ਇਸ ਵਿਚ ਕੋਈ ਜਿਊਰੀ ਨਹੀਂ ਹੁੰਦੀ।

ਇਹ ਲੀਫ਼ਲੈਟ ਸਮਰੀ ਟ੍ਰਾਇਲ ਦੇ ਪੜਾਵਾਂ ਦਾ ਬਿਓਰਾ ਦਏਗਾ ਅਤੇ ਤੁਹਾਨੂੰ ਦਸੇਗਾ ਕਿ ਗਵਾਹਾਂ ਨੇ ਅਦਾਲਤ ਵਿਚ ਕਦੋਂ ਪੇਸ਼ ਹੋਣਾ ਹੈ।

ਫ਼ੌਜਦਾਰੀ ਨਿਆ ਸਿਲਸਿਲੇ ਵਿਚ ਸ਼ਾਮਿਲ ਹੋਣਾ ਬਹੁਤ ਔਖਾ ਕੰਮ ਹੋ ਸਕਦਾ ਹੈ ਅਤੇ ਸੁਣਵਾਈ ਸਮੇਂ ਗੁਆਹੀ ਦੇਣਾ ਤਣਾਅ-ਭਰਿਆ ਅਤੇ ਪਰੇਸ਼ਾਨੀ ਪੈਦਾ ਕਰ ਸਕਦਾ ਹੈ। VIA ਤੁਹਾਡੀ ਮਦਦ ਕਰ ਸਕਦਾ ਹੈ।

## VIA ਬਾਰੇ

ਲੀਫ਼ਲੈਟ *VIA – ਅਸੀਂ ਤੁਹਾਡੀ ਮਦਦ ਕਿਵੇਂ ਕਰ ਸਕਦੇ ਹਾਂ,* ਬਾਰੇ ਸਮਝਾਉਂਦਾ ਹੈ ਕਿ VIA ਕੀ ਕਰਦਾ ਹੈ ਅਤੇ ਅਸੀਂ ਤੁਹਾਡੀ ਮਦਦ ਲਈ ਕੀ ਕਰ ਸਕਦੇ ਹਾਂ।

ਜੇ ਤੁਸੀਂ VIA ਦੀ ਮਦਦ ਨਹੀਂ ਚਾਹੁੰਦੇ ਹੋ, ਤਾਂ ਸਾਨੂੰ ਬੱਸ ਦਸ ਦਿਓ। ਜੇ ਤੁਸੀਂ ਆਪਣਾ ਵਿਚਾਰ ਫਿਰ ਬਦਲ ਲੈਂਦੇ ਹੋ, ਤਾਂ ਕਿਰਪਾ ਕਰਕੇ ਸਾਨੂੰ ਸੰਪਰਕ ਕਰੋ।

ਅਸੀਂ ਉਮੀਦ ਕਰਦੇ ਹਾਂ ਕਿ ਇਹ ਲੀਫ਼ਲੈਟ ਤੁਹਾਡੇ ਕੁਝ ਸੁਆਲਾਂ ਦਾ ਜਵਾਬ ਦੇ ਸਕੇਗਾ। ਜੇ ਕੋਈ ਹੋਰ ਅਜਿਹੀ ਗੱਲ ਹੈ ਜਿਸ ਬਾਰੇ ਤੁਸੀਂ ਜਾਣਨਾ ਚਾਹੋ ਜਾਂ ਜਿਸ ਬਾਰੇ ਪੱਕਾ ਯਕੀਨ ਨਾ ਹੋਵੇ, ਤਾਂ ਕਿਰਪਾ ਕਰਕੇ ਸਾਨੂੰ ਪੁੱਛੋ।

### ਬਚਾਅ ਪੱਖ ਨੂੰ ਕੀ ਜਾਣਕਾਰੀ ਮਿਲ ਸਕਦੀ ਹੈ?

ਕੋਈ ਵੀ ਬਿਆਨ, ਜੋ ਤੁਸੀਂ ਪੁਲਿਸ ਨੂੰ ਦਿੱਤਾ ਹੋਵੇ, ਬਚਾਅ ਪੱਖ ਦੇ ਵਕੀਲ ਨੂੰ ਸਰਕਾਰੀ ਵਕੀਲ ਕੋਲ ਕੇਸ ਰਿਪੋਰਟ ਕੀਤੇ ਜਾਣ ਤੋਂ ਬਾਦ ਪਹਿਲੇ ਕੁਝ ਹਫ਼ਤਿਆਂ ਅੰਦਰ ਦਿੱਤਾ ਜਾ ਸਕਦਾ ਹੈ। ਇਹ ਇਕ ਆਮ ਗੱਲ ਹੈ ਅਤੇ ਅਮਲ ਦਾ ਇਕ ਲਾਜ਼ਮੀ ਹਿੱਸਾ ਹੈ। ਇਹ ਗੱਲ ਯਕੀਨੀ ਬਣਾਉਂਦੀ ਹੈ ਕਿ ਬਚਾਅ ਪੱਖ ਦੇ ਵਕੀਲ ਨੂੰ ਸਾਰੇ ਸਬੂਤਾਂ ਬਾਰੇ ਪਤਾ ਹੋਵੇ ਅਤੇ ਉਹ ਦੋਸ਼ੀ ਦੀ ਪੈਰਵੀ ਵਾਜਬ ਤਰੀਕੇ ਨਾਲ ਕਰੇ। ਕੁਝ ਕੇਸਾਂ ਵਿਚ ਗਵਾਹ ਦਾ ਬਿਆਨ ਅਤੇ ਸੰਪਰਕ ਵੇਰਵੇ ਫ਼ੌਰਨ ਨਹੀਂ ਦਿੱਤੇ ਜਾਣਗੇ ਜਾਂ ਉਸਦੀ ਤਰਮੀਮ ਕੀਤੀ ਜਾ ਸਕਦੀ ਹੈ। VIA ਸਮਝਾ ਸਕਦਾ ਹੈ ਕਿ ਤੁਹਾਡੇ ਕੇਸ ਵਿਚ ਕੀ ਹੋਇਆ ਹੈ।

ਬਚਾਅ ਪੱਖ ਦੇ ਵਕੀਲ ਨੂੰ ਆਮ ਤੌਰ 'ਤੇ ਗਵਾਹ ਵਿਰੁਧ ਚਲ ਰਹੇ ਕੇਸਾਂ ਜਾਂ ਪਹਿਲਾਂ ਕਿਸੇ ਸਬੰਧ ਵਿਚ ਦੋਸ਼ੀ ਕਰਾਰ ਦਿਤੇ ਜਾਣ ਸਬੰਧੀ ਵੇਰਵੇ ਪ੍ਰਾਪਤ ਕਰਨ ਦਾ ਹੱਕ ਹੁੰਦਾ ਹੈ। ਅਦਾਲਤ, ਇਸ ਜਾਣਕਾਰੀ ਨੂੰ ਸੁਣਵਾਈ ਦੌਰਾਨ ਪੇਸ਼ ਕਰਨ ਦੀ ਹਮੇਸ਼ਾ ਆਗਿਆ ਨਹੀਂ ਦਿੰਦੀ, ਪਰ ਜੇ ਇਹ ਗਵਾਹ ਵਲੋਂ ਦਿਤੀ ਜਾਣ ਵਾਲੀ ਗੁਆਹੀ ਨਾਲ ਸਬੰਧਿਤ ਹੋਵੇ, ਤਾਂ ਇਸਦੀ ਆਗਿਆ ਦੇ ਸਕਦੀ ਹੈ।

ਬਚਾਅ ਪੱਖ ਦੇ ਵਕੀਲਾਂ ਨੂੰ ਗਵਾਹ ਵਲੋਂ ਬਿਆਨਾਂ ਜਾਂ ਉਹਨਾਂ ਦੇ ਸੰਪਰਕ ਵੇਰਵੇ ਦੋਸ਼ੀ ਨੂੰ ਦੇਣ ਦੀ ਆਗਿਆ ਨਹੀਂ ਹੁੰਦੀ। ਜੇ ਤੁਹਾਨੂੰ ਕਿਸੇ ਜਾਣਕਾਰੀ ਨੂੰ ਬਚਾਅ ਪੱਖ ਕੋਲ ਦਿਤੇ ਜਾਣ ਸਬੰਧੀ ਕੋਈ ਚਿੰਤਾ ਹੈ ਤਾਂ VIA ਨੂੰ ਜਾਣੂ ਕਰਵਾਓ।

### ਬਚਾਅ ਪੱਖ ਦੇ ਵਕੀਲ ਨੂੰ ਦਿਤੇ ਗਏ ਬਿਆਨ

ਬਚਾਅ ਪੱਖ ਦਾ ਵਕੀਲ (ਜਾਂ ਉਹਨਾਂ ਲਈ ਕੰਮ ਕਰਨ ਵਾਲਾ ਕੋਈ ਵਿਅਕਤੀ, ਜਿਸਨੂੰ ਪਹਿਲੀ ਪੇਸ਼ੀ ਦੇ ਏਜੰਟ ਵਜੋਂ ਜਾਣਿਆ ਜਾਂਦਾ ਹੈ), ਤੁਹਾਨੂੰ ਬਿਆਨ ਦੇਣ ਲਈ ਕਹਿ ਸਕਦਾ ਹੈ (ਕਈ ਵਾਰੀ ਬੱਚਾਅ ਪੱਖ ਦੀਪਹਿਲੀ ਪੇਸ਼ੀ ਕਿਹਾ ਜਾਂਦਾ ਹੈ)। ਉਹ ਤੁਹਾਨੂੰ ਆਪਣੇ ਦਫ਼ਤਰ ਆਉਣ ਲਈ ਕਹਿ ਸਕਦੇ ਹਨ ਜਾਂ ਤੁਹਾਡੇ ਘਰ ਜਾਂ ਕੰਮ ਵਾਲੀ ਥਾਂ 'ਤੇ ਜਾਣਾ ਚਾਹੁਣ। ਤੁਸੀਂ, ਆਪਣੀ ਸਹੂਲਤ ਮੁਤਾਬਿਕ ਮੁਲਾਕਾਤ ਲਈ ਥਾਂ ਅਤੇ ਸਮੇਂ ਦੀ ਮੰਗ ਕਰ ਸਕਦੇ ਹੋ। ਜੇ ਤੁਸੀਂ ਚਾਹੋ ਤਾਂ VIA ਤੁਹਾਡੀ ਮੀਟਿੰਗ ਦਾ ਪ੍ਰਬੰਧ ਪੁਲਿਸ ਸਟੇਸ਼ਨ ਜਾਂ ਸਰਕਾਰੀ ਦਫ਼ਤਰ ਵਿਖੇ ਕੀਤਾ ਜਾ ਸਕਦਾ ਹੈ। ਤੁਸੀਂ ਆਪਣੇ ਨਾਲ ਕਿਸੇ ਹੋਰ ਨੂੰ ਲਿਜਾਣ ਦੀ ਮੰਗ ਵੀ ਕਰ ਸਕਦੇ ਹੋ।

ਜੇ ਤੁਹਾਨੂੰ ਬਿਆਨ ਦੇਣ ਲਈ ਕਿਹਾ ਜਾਏ, ਤਾਂ ਬਿਆਨ ਦੇਣਾ ਲਾਜ਼ਮੀ ਹੈ। ਬਚਾਅ ਪੱਖ ਦੇ ਵਕੀਲ ਨੂੰ ਸਬੂਤ ਬਾਰੇ ਬਿਹਤਰ ਸਮਝਣ ਦਿਓ ਅਤੇ ਉਹਨਾਂ ਦੀ ਮਦਦ ਕਰੋ, ਤਾਂ ਜੋ ਉਹ ਦੋਸ਼ੀ ਨੂੰ ਸਲਾਹ ਦੇ ਸਕਣ ਕਿ ਉਹ ਅਦਾਲਤ ਵਿਚ (ਦੋਸ਼ ਮੰਨਣ ਜਾਂ ਦੋਸ਼ ਨਾ ਮੰਨਣ ਲਈ) ਆਪਣਾ ਪੱਖ ਕਿਵੇਂ ਰੱਖਣ। ਕਈ ਵਾਰੀ ਇਸਦਾ ਮਤਲਬ ਹੁੰਦਾ ਹੈ ਕਿ ਸੁਣਵਾਈ ਤੋਂ ਬਚਿਆ ਜਾਏ, ਜਾਂ ਕਿ ਤੁਹਾਡੀ ਗੁਆਹੀ ਨੂੰ ਮੰਨਿਆ ਜਾਂਦਾ ਹੈ, ਤਾਂ ਜੋ ਤੁਹਾਨੂੰ ਅਦਾਲਤ ਜਾਣ ਦੀ ਬਿਲਕੁਲ ਕੀ ਲੋੜ ਨਾ ਪਵੇ।

ਆਉਣ ਵਾਲੇ ਸੈਕਸ਼ਨ, ਅਦਾਲਤੀ ਅਮਲ ਦੇ ਵੱਖ-ਵੱਖ ਪੜਾਅ ਸਮਝਾਉਂਦੇ ਹਨ।

## ਪੜਾਅ 1

### ਬਹਿਸ ਸਬੰਧੀ ਸੁਣਵਾਈ
**(ਗਵਾਹ ਨੂੰ ਹਾਜ਼ਰ ਹੋਣ ਦੀ ਲੋੜ ਨਹੀਂ)**

ਜੁਰਮ ਲਈ ਦੋਸ਼ੀ ਮੰਨੇ ਗਏ ਵਿਅਕਤੀਆਂ ਨੂੰ ਕਹਿਣਾ ਪੈਂਦਾ ਹੈ ਕਿ ਕੀ ਉਹ ਜੁਰਮ ਕਰਨ ਦਾ ਦੋਸ਼ ਕਬੂਲਦੇ ਹਨ ਜਾਂ ਦੋਸ਼ ਨਹੀਂ ਕਬੂਲਦੇ। ਇਸ ਪੜਾਅ 'ਤੇ ਦੋਸ਼ੀ ਲਈ ਅਦਾਲਤ ਵਿਚ ਹਾਜ਼ਰ ਹੋਣਾ ਜ਼ਰੂਰੀ ਨਹੀਂ ਹੁੰਦਾ, ਕਿਉਂਕਿ ਇਹ ਬੇਨਤੀ ਲਿਖਤ ਵਿਚ ਕਰਨੀ ਪੈਂਦੀ ਹੈ।

- ਦੋਸ਼ੀ

ਜੇ ਦੋਸ਼ੀ, ਦੋਸ਼ ਕਬੂਲਦਾ ਹੈ, ਤਾਂ ਅਦਾਲਤ ਫ਼ੌਰਨ ਜਾਂ ਹੋਰ ਜਾਣਕਾਰੀ ਵਿਚਾਰਣ ਤੋਂ ਬਾਅਦ ਸਜ਼ਾ ਸੁਣਾ ਸਕਦੀ ਹੈ। ਇਸਦਾ ਮਤਲਬ ਹੈ ਕਿ ਕੋਈ ਅਦਾਲਤੀ ਸੁਣਵਾਈ ਨਹੀਂ ਹੋਏਗੀ ਅਤੇ ਗਵਾਹਾਂ ਨੂੰ ਆਮ ਤੌਰ 'ਤੇ ਅਦਾਲਤ ਜਾਣ ਦੀ ਲੋੜ ਨਹੀਂ ਪਏਗੀ।

- ਦੋਸ਼ੀ ਨਹੀਂ

ਜੇ ਦੋਸ਼ੀ, ਜੁਰਮ ਨਹੀਂ ਕਬੂਲਦਾ, ਤਾਂ ਅਦਾਲਤ ਦੋ ਤਾਰੀਖ਼ਾਂ ਨਿਸ਼ਚਿਤ ਕਰੇਗੀ: ਇੱਕ ਸਾਲਸੀ ਸਬੰਧੀ ਸੁਣਵਾਈ ਲਈ ਅਤੇ ਇੱਕ ਅਦਾਲਤੀ ਸੁਣਵਾਈ ਲਈ (ਇਹਨਾਂ ਸੁਣਵਾਈਆਂ ਬਾਰੇ ਹੋਰ ਜਾਣਕਾਰੀ ਪੜਾਅ 2 ਅਤੇ 3 ਵਿਚ ਦਿੱਤੀ ਗਈ ਹੈ)।

ਜੱਜ ਫ਼ੈਸਲਾ ਕਰਦਾ ਹੈ ਕਿ ਅਦਾਲਤ ਵਿਚ ਸੁਣਵਾਈ ਦੀ ਅਗਲੀ ਤਾਰੀਖ਼ ਤੋਂ ਪਹਿਲਾਂ ਦੋਸ਼ੀ ਨਾਲ ਕੀ ਹੋਏਗਾ।

ਦੋਸ਼ੀ ਨੂੰ ਰਿਮਾਂਡ 'ਤੇ ਹਿਰਾਸਤ ਵਿਚ ਰਖਿਆ ਜਾਏਗਾ ਜਾਂ ਜ਼ਮਾਨਤ 'ਤੇ ਰਿਹਾ ਕੀਤਾ ਜਾਏਗਾ (ਇਸ ਸ਼ਰਤ 'ਤੇ ਰਿਹਾ ਕੀਤਾ ਜਾਏਗਾ ਕਿ ਉਹ ਫਿਰ ਕੋਈ ਜੁਰਮ ਨਹੀ ਕਰੇਗਾ)। ਜੱਜ ਕੀ ਫੈਸਲਾ ਕਰਦੇ ਹਨ, ਇਸ ਬਾਰੇ VIA ਤੁਹਾਨੂੰ ਦੱਸੇਗਾ।

ਇਸਤਗਾਸਾ ਪੱਖ ਦੇ ਗਵਾਹਾਂ ਦੀ ਸੂਚੀ, ਬਚਾਅ ਪੱਖ ਦੇ ਵਕੀਲਾਂ ਨੂੰ ਉਪਲਬਧ ਕਰਾਈ ਜਾਂਦੀ ਹੈ।

## ਪੜਾਅ 2

### ਸਾਲਸੀ ਸਬੰਧੀ ਸੁਣਵਾਈ
**(ਗਵਾਹ ਨੂੰ ਹਾਜ਼ਰ ਹੋਣ ਦੀ ਲੋੜ ਨਹੀ)**

ਦੋਸ਼ੀ ਨੂੰ ਫਿਰ ਪੁੱਛਿਆ ਜਾਂਦਾ ਹੈ ਕਿ ਕੀ ਉਹ ਦੋਸ਼ ਕਬੂਲਦਾ ਹੈ ਜਾਂ ਨਹੀਂ।

- ਦੋਸ਼ੀ

ਜੇ ਦੋਸ਼ੀ, ਦੋਸ਼ ਕਬੂਲਦਾ ਹੈ, ਤਾਂ ਅਦਾਲਤ ਫੌਰਨ ਜਾਂ ਵਧੇਰੇ ਜਾਣਕਾਰੀ ਵਿਚਾਰਣ ਤੋਂ ਬਾਦ ਸਜ਼ਾ ਸੁਣਾ ਸਕਦੀ ਹੈ। ਇਸਦਾ ਮਤਲਬ ਹੈ ਕਿ ਕੋਈ ਅਦਾਲਤੀ ਸੁਣਵਾਈ ਨਹੀਂ ਹੋਏਗੀ ਅਤੇ ਗਵਾਹਾਂ ਨੂੰ ਆਮ ਤੌਰ 'ਤੇ ਅਦਾਲਤ ਜਾਣ ਦੀ ਲੋੜ ਨਹੀਂ ਹੋਏਗੀ।

- ਦੋਸ਼ੀ ਨਹੀਂ

ਜੇ ਦੋਸ਼ੀ, ਜੁਰਮ ਨਹੀਂ ਕਬੂਲਦਾ ਤਾਂ ਇਸਤਗਾਸਾ ਅਤੇ ਬੱਚਾਅ ਪੱਖ, ਦੋਵਾਂ ਕੋਲ ਮੌਕਾ ਹੁੰਦਾ ਹੈ ਕਿ ਉਹ ਕਿਸੇ ਸਬੂਤ ਅਤੇ/ਜਾਂ ਫਿਰ ਸੁਣਵਾਈ ਲਈ ਤਿਆਰੀ ਕਰਨ ਵਾਸਤੇ ਵਧੇਰੇ ਸਮੇਂ ਲਈ ਮੰਗ ਕਰਨ ਲਈ ਸਹਿਮਤ ਹੋ ਸਕਣ।

ਜੱਜ, ਹੁਣ ਫ਼ੈਸਲਾ ਕਰੇਗਾ ਕਿ ਕੀ ਦੋਸ਼ੀ ਨੂੰ ਅਦਾਲਤੀ ਸੁਣਵਾਈ ਤੱਕ ਰਿਮਾਂਡ 'ਤੇ ਹਿਰਾਸਤ ਵਿਚ ਰਖਿਆ ਜਾਏ ਜਾਂ ਜ਼ਮਾਨਤ 'ਤੇ ਰਿਹਾ ਕੀਤਾ ਜਾਏ। VIA ਤੁਹਾਨੂੰ ਫ਼ੈਸਲੇ ਬਾਰੇ ਦੱਸੇਗਾ।

ਜੇ ਦੋਸ਼ੀ ਨੂੰ ਜ਼ਮਾਨਤ 'ਤੇ ਰਿਹਾ ਕੀਤਾ ਜਾਂਦਾ ਹੈ ਤਾਂ ਅਦਾਲਤੀ ਸੁਣਵਾਈ ਵਾਜਬ ਸਮੇਂ ਅੰਦਰ ਜ਼ਰੂਰ ਸ਼ੁਰੂ ਹੋਣੀ ਚਾਹੀਦੀ ਹੈ।

ਜੇ ਦੋਸ਼ੀ ਨੂੰ ਰਿਮਾਂਡ 'ਤੇ ਹਿਰਾਸਤ ਵਿਚ ਰੱਖਿਆ ਜਾਂਦਾ ਹੈ, ਤਾਂ ਅਦਾਲਤੀ ਸੁਣਵਾਈ, ਅਦਾਲਤ ਵਿਚ ਪਹਿਲੀ ਵਾਰੀ ਪੇਸ਼ ਹੋਣ ਤੋਂ 40 ਦਿਨਾਂ ਅੰਦਰ ਜ਼ਰੂਰ ਸ਼ੁਰੂ ਹੋਣੀ ਚਾਹੀਦੀ ਹੈ। ਸਮੇਂ ਦੀ ਇਸ ਮਿਆਦ ਨੂੰ ਕੁਝ ਸੀਮਤ ਸਥਿਤੀਆਂ ਵਿਚ ਵਧਾਇਆ ਜਾ ਸਕਦਾ ਹੈ।

## ਪੜਾਅ 3

### ਅਦਾਲਤੀ ਸੁਣਵਾਈ
**(ਗਵਾਹ ਦਾ ਹਾਜ਼ਰ ਹੋਣ ਜ਼ਰੂਰੀ)**

ਜੇ ਤੁਹਾਡੇ ਵਲੋਂ ਗਵਾਹੀ ਦਿਤੇ ਜਾਣ ਦੀ ਲੋੜ ਪੈਂਦੀ ਹੈ, ਤਾਂ ਤੁਹਾਨੂੰ ਗੁਆਹੀ ਦੇਣ ਲਈ ਇਕ ਸੰਮਨ ਭੇਜਿਆ ਜਾਏਗਾ, ਜਿਸ ਵਿਚ ਤੁਹਾਡੇ ਵਲੋਂ ਅਦਾਲਤ ਵਿਚ ਲਾਜ਼ਮੀ ਪੇਸ਼ ਹੋਣ ਦਾ ਸਮਾਂ ਅਤੇ ਤਾਰੀਖ਼ ਦਿੱਤੀ ਗਈ ਹੋਵੇਗੀ।

ਤੁਹਾਨੂੰ ਅਦਾਲਤ ਦੇ ਕਮਰੇ ਅੰਦਰ ਬੁਲਾਏ ਜਾਣ ਤੋਂ, ਪਹਿਲਾਂ ਕੁਝ ਸਮਾਂ ਅਦਾਲਤ ਦੇ ਬਾਹਰ ਉਡੀਕ ਕਰਨੀ ਪੈ ਸਕਦੀ ਹੈ। ਤੁਹਾਨੂੰ ਗੁਆਹੀ ਦੇਣ ਦੀ ਲੋੜ ਹੈ ਕਿ ਨਹੀਂ ਜਾਂ ਕਿ ਤੁਹਾਨੂੰ ਕਿਸੇ ਦੂਜੇ ਦਿਨ ਹਾਜ਼ਰ ਹੋਣ ਦੀ ਲੋੜ ਹੈ, ਇਹ ਅਦਾਲਤੀ ਕਾਰਵਾਈ ਦੀ ਪ੍ਰਗਤੀ 'ਤੇ ਨਿਰਭਰ ਹੋਏਗਾ।